# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 24-08-2024**

ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ ਨੇ ਖੁਰਾਕ ਉਤਪਾਦਾਂ ਨਾਲ ਜੁੜੇ ਸੰਚਾਲਕਾਂ ਨੂੰ  ਦੁੱਧ ਅਤੇ ਦੁੱਧ ਉਤਪਾਦਾਂ ਦੇ ਪੈਕੇਟਾਂ ਤੋਂ ਏ-1 ਅਤੇ ਏ-2 ਸਬੰਧੀ ਸਾਰੇ ਦਾਅਵਿਆਂ ਨੂੰ ਤੁਰੰਤ ਹਟਾਉਣ ਦਾ ਹੁਕਮ ਦਿੱਤਾ ਏ। ਇਹ ਹੁਕਮ ਈ-ਕਾਮਰਸ ਪਲੇਟਫਾਰਮ 'ਤੇ ਖਾਣ-ਪੀਣ ਦੀਆਂ ਵਸਤਾਂ ਨਾਲ ਕੰਮ ਕਰਨ ਵਾਲੇ ਸੰਚਾਲਕਾਂ 'ਤੇ ਵੀ ਲਾਗੂ ਹੋਵੇਗਾ। ਅਥਾਰਟੀ ਦੇ ਧਿਆਨ ਵਿੱਚ ਆਇਆ ਏ, ਕਿ ਖੁਰਾਕ ਉਤਪਾਦਾਂ ਸੰਚਾਲਕ ਏ-1 ਅਤੇ ਏ-2 ਵਰਗੀਕਰਣ ਤਹਿਤ ਦੁੱਧ ਅਤੇ ਦੁੱਧ ਤੋਂ ਬਣੇ ਘਿਓ, ਮੱਖਣ ਅਤੇ ਦਹੀਂ ਨੂੰ ਵੇਚ ਰਹੇ ਨੇ। ਅਥਾਰਟੀ ਨੇ ਕਿਹਾ ਏ ਕਿ ਦੁੱਧ ਵਿੱਚ ਏ-1 ਅਤੇ ਏ-2 ਦਾ ਵਰਗੀਕਰਨ ਜ਼ਰੂਰੀ ਤੌਰ 'ਤੇ ਪ੍ਰੋਟੀਨ ਦੇ ਸਬੰਧ ਵਿੱਚ ਹੋਣਾ ਚਾਹੀਦਾ ਏ, ਇਸ ਲਈ ਦੁੱਧ ਦੀ ਚਰਬੀ ਵਾਲੇ ਉਤਪਾਦਾਂ ਦੇ ਸਬੰਧ ਵਿੱਚ ਏ-2 ਦਾ ਦਾਅਵਾ ਗੁੰਮਰਾਹਕੁੰਨ ਏ।

--------------------------------------------------------------

ਕੇਂਦਰੀ ਪੇਂਡੂ ਵਿਕਾਸ ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ, ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ 25 ਅਗਸਤ ਨੂੰ, ਮਹਾਰਾਸ਼ਟਰ ਦੇ ਜਲਗਾਓਂ ਵਿੱਚ, ਇੱਕ ਸਮਾਗਮ ਦੌਰਾਨ ਲਖਪਤੀ ਦੀਦੀਆਂ ਨਾਲ ਗੱਲਬਾਤ ਕਰਨਗੇ। ਨਵੀਂ ਦਿੱਲੀ ਵਿਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਉਨਾਂ ਕਿਹਾ ਕਿ ਪ੍ਰਧਾਨ ਮੰਤਰੀ 2500 ਕਰੋੜ ਰੁਪਏ ਦਾ ਇੱਕ ਰਿਵਾਲਵਿੰਗ ਫੰਡ- ਕਮਿਊਨਿਟੀ ਨਿਵੇਸ਼ ਫੰਡ ਵੀ ਜਾਰੀ ਕਰਨਗੇ, ਜਿਹੜਾ 4 ਲੱਖ 30 ਹਜ਼ਾਰ ਸਵੈ ਸਹਾਇਤਾ ਸਮੂਹਾਂ ਦੀ ਮਦਦ ਕਰੇਗਾ । ਇਸ ਨਾਲ ਦੇ ਲਗਭਗ 48 ਲੱਖ ਸਵੈ ਸਹਾਇਤਾ ਸਮੂਹਾਂ ਦੇ ਮੈਂਬਰਾਂ ਨੂੰ ਲਾਭ ਹੋਵੇਗਾ । ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਲਖਪਤੀ ਦੀਦੀ, ਉਹ ਔਰਤਾਂ ਨੇ ਜਿਹੜੀਆਂ ਸਾਲਾਨਾ ਇੱਕ ਲੱਖ ਰੁਪਏ ਜਾਂ ਇਸ ਤੋਂ ਵੱਧ ਕਮਾਉਂਦੀਆਂ ਨੇ। ਇਨ੍ਹਾਂ ਲੱਖਪਤੀ ਦੀਦੀਆਂ ਨੇ, ਨਾ ਸਿਰਫ਼ ਆਪਣੇ ਪਰਿਵਾਰਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਏ, ਸਗੋਂ ਬਾਕੀ ਸਮਾਜ ਲਈ ਵੀ ਰੋਲ ਮਾਡਲ ਬਣ ਰਹੀਆਂ ਨੇ। ਉਨਾਂ ਕਿਹਾ ਕਿ ਅਸੀਂ ਪਹਿਲਾਂ ਹੀ ਇਕ ਕਰੋੜ ਲੱਖਪਤੀ ਦੀਦੀ ਬਣਾ ਚੁੱਕੇ ਹਾਂ ਅਤੇ ਸਾਡਾ ਟੀਚਾ ਅਗਲੇ 3 ਸਾਲਾਂ ਵਿੱਚ 3 ਕਰੋੜ ਲੱਖਪਤੀ ਦੀਦੀ ਬਣਾਉਣ ਦਾ ਏ । ਪੰਜਾਬ ਵਿਚ 9 ਹਜ਼ਾਰ 660 ਲੱਖਪਤੀ ਦੀਦਿਆਂ ਬਣਾਉਣ ਦਾ ਟੀਚਾ ਰੱਖਿਆ ਗਿਆ ਏ।

---------------------------------------------------------

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਜਿਲ੍ਹਾ ਫਤਿਹਗੜ੍ਹ ਸਾਹਿਬ ਵਲੋਂ ਵੱਖ-ਵੱਖ ਸੰਤੁਲਿਤ ਖੁਰਾਕ ਦੀ ਮਹੱਤਤਾ ਬਾਰੇ ਆਂਗਨਵਾੜੀ ਵਰਕਰਜ਼ ਲਈ ਕੈਂਪ ਲਗਾਇਆ ਗਿਆ । ਸਹਾਇਕ ਡਾਇਰੈਕਟਰ ਸਿਖਲਾਈ ਡਾ. ਵਿਪਨ ਕੁਮਾਰ ਰਾਮਪਾਲ ਨੇ ਦੱਸਿਆ, ਕਿ ਕੈਂਪ ਵਿੱਚ ਵੱਖ-ਵੱਖ ਬਲਾਕਾਂ ਤੋਂ 14 ਆਂਗਨਵਾੜੀ ਵਰਕਰਾਂ ਨੇ ਹਿੱਸਾ ਲਿਆ । ਗ੍ਰਹਿ ਵਿਗਿਆਨ ਬਾਰੇ ਸਹਾਇਕ ਪ੍ਰੋਫੈਸਰ ਡਾ. ਮਨੀਸ਼ਾ ਭਾਟੀਆ ਨੇ ਕਿਹਾ ਕਿ ਸੰਤੁਲਿਤ ਖੁਰਾਕ, ਹਰ ਉਮਰ ਵਰਗ ਲਈ ਬਹੁਤ ਜ਼ਰੂਰੀ ਏ ਅਤੇ ਗਰਭ ਅਵਸਥਾ ਦੌਰਾਨ ਇਸ ਦਾ ਮੱਹਤਵ ਹੋਰ ਵੀ ਵਧ ਜਾਂਦਾ ਏ । ਉਨ੍ਹਾਂ ਦੱਸਿਆ ਕਿ ਜੀਵਨ ਸ਼ੈਲੀ ਵਿੱਚ ਬਦਲਾਅ ਕਾਰਣ ਸ਼ਰੀਰ ਦੀਆਂ ਖੁਰਾਕੀ ਜਰੂਰਤਾਂ ਵਿਚ ਵੀ ਬਦਲਾਅ ਆ ਰਿਹਾ ਏ ਅਤੇ ਇਸ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਏ, ਜਿਸ ਵਿਚ ਆਂਗਨਵਾੜੀ ਵਰਕਰਜ਼ ਦੀ ਮੱਹਤਵਪੂਰਣ ਭੂਮਿਕਾ ਏ । ਉਨ੍ਹਾਂ ਗਰਭਵਤੀ ਤੇ ਛੋਟੇ ਬੱਚਿਆਂ ਦੀਆਂ ਮਾਤਾਵਾਂ ਲਈ ਭੋਜਨ ਸੰਬਧੀ

ਸਿਫਾਰਸ਼ਾਂ ਬਾਰੇ ਵੀ ਵਿਸਥਾਰ ਵਿਚ ਦੱਸਿਆ ਅਤੇ ਖ਼ੂਨ ਦੀ ਕਮੀ ਯਾਨੀ ਅਨੀਮਿਆ ਦੇ ਕਾਰਣ ਤੇ ਲਛਣਾਂ ਬਾਰੇ ਜਾਣਕਾਰੀ ਦਿੱਤੀ ।

---------------------------------------------------------------

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਿਕ  ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ, ਪਿੰਡ ਮੰਜੌਲੀ ਵਿਖੇ ਖੇਤੀਬਾੜੀ ਵਿਭਾਗ ਬਲਾਕ ਘਨੌਰ ਨੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ । ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਅਪੀਲ ਕੀਤੀ, ਕਿ ਉਹ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਨਾਲ ਸਹਿਯੋਗ ਕਰਦਿਆਂ, ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਮਿਲਾਉਣ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਆਪਣਾ ਯੋਗਦਾਨ ਪਾਉਣ । ਕੈਂਪ ਵਿਚ ਪਿੰਡ ਦੇ ਅਗਾਂਹਵਧੂ ਕਿਸਾਨ ਰਣਜੋਧ ਸਿੰਘ, ਮੁਕੰਦ ਸਿੰਘ, ਉਜਾਗਰ ਸਿੰਘ, ਭੀਮ ਸਿੰਘ ਅਤੇ ਬਲਵੀਰ ਸਿੰਘ ਨੇ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਰਾਲੀ ਪ੍ਰਬੰਧਨ ਸਬੰਧੀ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ । ਖੇਤੀਬਾੜੀ ਵਿਕਾਸ ਅਫ਼ਸਰ ਡਾ. ਅਨੁਰਾਗ ਅੱਤਰੀ ਨੇ ਝੋਨੇ ਦੀ ਫ਼ਸਲ ਤੇ ਕੀੜੇ ਮਕੌੜਿਆਂ ਦੇ ਹਮਲੇ

ਦੀ ਰੋਕਥਾਮ, ਡਾ. ਅਮਨਪ੍ਰੀਤ ਸਿੰਘ ਸੰਧੂ ਨੇ ਖਾਦਾਂ ਦੀ ਸੁਚੱਜੀ ਵਰਤੋਂ ਸਬੰਧੀ, ਡਾ. ਅਮਨਦੀਪ ਕੌਰ ਨੇ ਮਿੱਟੀ ਪਰਖ ਦੀ ਮਹੱਤਤਾ, ਡਾ. ਸਿਕੰਦਰ ਸਿੰਘ ਨੇ ਪੀ.ਐਮ.ਕਿਸਾਨ ਯੋਜਨਾ ਅਤੇ ਡਾ. ਗੁਰਮੇਲ ਸਿੰਘ ਨੇ ਫ਼ਸਲੀ ਵਿਭਿੰਨਤਾ ਸਬੰਧੀ ਤਕਨੀਕੀ ਨੁਕਤੇ ਸਾਂਝੇ ਕੀਤੇ।

--------------------------------------------------------

'ਸੋਚ' ਨਾਂ ਦੀ ਗੈਰ ਸਰਕਾਰੀ ਜਥੇਬੰਦੀ, ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਾਂਸ ਕਲਾਂ ਵਿੱਚ, ਇੱਕ ਅਹਿਮ ਪ੍ਰੋਜੈਕਟ 'ਫੀਮੇਲ ਫਸਟ ਇਨਵਾਇਰਮੈਂਟ ਫਸਟ' ਸ਼ੁਰੂ ਕਰਨ ਜਾ ਰਹੀ ਏ। ਇਹ ਇੱਕ ਕਿਸਮ ਦਾ ਵਿਲਖਣ ਪ੍ਰੋਜੈਕਟ ਏ, ਜਿਸ ਵਿੱਚ ਧੀਆਂ ਧਿਆਣੀਆਂ ਤੇ ਪਿੰਡ ਦੇ ਘਰ ਦੀਆਂ ਸੁਆਣੀਆਂ ਅਹਿਮ ਯੋਗਦਾਨ ਪਾਉਣਗੀਆਂ । ਸੰਤ ਬਾਬਾ ਗੁਰਮੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ, ਇਹ ਸੰਸਥਾ ਵਾਤਾਵਰਣ ਸੰਭਾਲ ਦੇ ਪੱਖ ਤੋਂ ਨਵੀਂ ਪਿਰਤ ਪਾਉਣ ਜਾ ਰਹੀ ਏ । ਸੰਸਥਾ ਦੇ ਪ੍ਰਧਾਨ ਤੇ ਵਾਤਾਵਰਣ ਮਾਹਿਰ ਡਾ. ਬਲਵਿੰਦਰ ਸਿੰਘ ਲੱਖੇਵਾਲੀ ਨੇ ਦੱਸਿਆ ਕਿ ਪ੍ਰੋਜੈਕਟ ਅਧੀਨ ਖਾਲਸਾ ਕਾਲਜ ਫਾਰ ਵੋਮੈਨ ਲੁਧਿਆਣਾ ਦੀਆਂ 50 ਵਿਦਿਆਰਥਣਾਂ ਪੱਕੇ ਤੌਰ ਤੇ 'ਸੋਚ ' ਸੰਸਥਾ

ਨਾਲ ਜੁੜ ਗਈਆਂ ਨੇ ਅਤੇ ਇਸੇ ਤਰ੍ਹਾਂ ਹੀ ਸ਼ਹੀਦ ਉੱਤਮ ਸਿੰਘ ਹਾਂਸ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਹਾਂਸ ਕਲਾਂ ਦੀਆਂ 50 ਵਿਦਿਆਰਥਣਾਂ ਟੀਮ ਦਾ ਹਿੱਸਾ ਹੋਣਗੀਆਂ। ਪ੍ਰੋਜੈਕਟ ਦੀ ਸ਼ੁਰੂਆਤ ਵਿੱਚ ਲੁਧਿਆਣਾ ਨਗਰ ਦੇ ਹਰ ਘਰ ਦਾ ਡਾਟਾ ਇਕੱਠਾ ਕੀਤਾ ਜਾਵੇਗਾ ਕਿ ਪਹਿਲਾਂ ਘਰਾਂ ਵਿੱਚ ਕਿਹੜੇ ਰੁੱਖ ਮੌਜੂਦ ਨੇ। ਕੂੜਾ-ਕਰਕਟ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾਂਦੀ ਏ ਅਤੇ ਖੇਤੀ ਨਾਲ ਸਬੰਧਿਤ ਘਰਾਂ ਦੀਆਂ ਮੋਟਰਾਂ ਤੇ ਕਿੰਨੇ ਰੁੱਖ ਮੌਜੂਦ ਨੇ। ਇਸ ਸ਼ੁਰੂਆਤੀ ਕਾਰਜ ਵਿੱਚ ਪਿੰਡ ਦੀਆਂ ਆਂਗਣਵਾੜੀ ਵਰਕਰ ਵੀ ਸੰਸਥਾ ਦਾ ਸਾਥ ਦੇਣਗੀਆਂ।

---------------------------------------------------

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਠਿੰਡਾ ਦੇ ਮੀਟਿੰਗ ਹਾਲ ਵਿਚ ਡਵੀਜ਼ਨਲ ਕਮਿਸ਼ਨਰ ਫਰੀਦਕੋਟ ਰੇਂਜ ਮਨਜੀਤ ਸਿੰਘ ਬਰਾੜ ਨੇ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਵਿਸ਼ੇਸ਼ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਵਾਤਾਵਰਣ ਦੀ ਸ਼ੁੱਧਤਾ ਬਰਕਰਾਰ ਰੱਖਣ ਲਈ ਮਿੱਥੇ ਟੀਚਿਆਂ ਨੂੰ ਪੂਰਾ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਨੇ। ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ, ਨਗਰ ਨਿਗਮ ਦੇ ਕਮਿਸ਼ਨਰ ਰਾਹੁਲ ਤੇ ਐਸ. ਐਸ. ਪੀ. ਅਮਨੀਤ ਕੌਂਡਲ ਵੀ ਇਸ ਮੀਟਿੰਗ ਵਿਚ ਮੌਜੂਦ ਰਹੇ।